# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

ਹੁਕਮ ਨੰ : 6/78-14 ਅ2(7) ਕੋ:ਸ:2
ਮਿਤੀ : 08.07.16

**ਦੋਸ਼ ਸੂਚੀ**

**ਸ਼੍ਰੀ ਸੁਖਵਿੰਦਰ ਸਿੰਘ, ਸ.ਸ ਮਾਸਟਰ, ਸਸਸਸ ਮਾਣੂਕੇ, ਜ਼ਿਲ੍ਹਾ ਮੋਗਾ** ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋਂ ix) ਤਹਿਤ ਇਸ ਪੱਤਰ ਨਾਲ ਨੱਥੀ ਕੀਤੇ ਦੋਸ਼ ਵਿਵਰਣ ਵਿੱਚ ਦਰਸਾਏ ਦੋਸ਼ਾਂ ਸਬੰਧੀ ਕਾਰਵਾਈ ਕਰਨ ਦੀ ਤਜ਼ਵੀਜ਼ ਹੈ ।

2. ਕਰਮਚਾਰੀ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪਹੁੰਚ ਤੋ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਇਹਨਾਂ ਸਾਰਿਆਂ ਜਾਂ ਕਿਸੇ ਦੋਸ਼ ਨੂੰ ਮੰਨਦਾ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦਾ ਹੈ।

3. ਉਸ ਨੂੰ ਇਸ ਪੱਤਰ ਰਾਂਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜਵਾਬ ਤਿਆਰ ਕਰਨ ਲਈ ਕੋਈ ਸਬੰਧਤ ਰਿਕਾਰਡ ਵੇਖਣਾ ਚਾਹੇ ਤਾਂ ਉਹ ਡਾਇਰੈਕਟੋਰੇਟ/ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ) ਦੇ ਦਫਤਰ ਵਿਚ ਇਸ ਪੱਤਰ ਦੀ ਪਹੁੰਚ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਵੇਖ ਸਕਦਾ ਹੈ। ਉਸ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪਰੋਕਤ ਅਫਸਰ ਦੇ ਪਾਸ ਹੋਵੇਗਾ ਅਤੇ ਜਿਸ ਦਾ ਸਿੱਧਾ ਸਬੰਧ ਇਸ ਕੇਸ ਨਾਲ ਹੋਵੇਗਾ। ਜੇਕਰ ਉਸ ਅਫਸਰ ਦੀ ਰਾਇ ਵਿੱਚ ਇਹ ਰਿਕਾਰਡ ਵਿਖਾਉਣਾ ਲੋਕ ਹਿੱਤ ਵਿੱਚ ਨਹੀਂ ਹੋਵੇਗਾ ਤਾਂ ਉਹ ਰਿਕਾਰਡ ਵਿਖਾਉਣ ਤੋਂ ਨਾਂਹ ਕਰ ਸਕਦਾ ਹੈ। ਜੇਕਰ ਉਹ ਕੋਈ ਹੋਰ ਰਿਕਾਰਡ, ਜੋ ਉਕਤ ਅਧਿਕਾਰੀ ਦੇ ਦਫਤਰ ਕੋਲ ਨਾ ਹੋਵੇ, ਵੇਖਣਾ ਚਾਹੇ ਤਾਂ ਅਜਿਹੇ ਰਿਕਾਰਡ ਨੂੰ ਵੇਖਣ ਦਾ ਪ੍ਰਬੰਧ ਉਸਨੂੰ ਆਪ ਕਰਨਾ ਹੋਵੇਗਾਂ। ਐਪਰ ਉਸ ਦਾ ਸਬੰਧਤ ਰਿਕਾਰਡ ਨੂੰ ਨਾ ਵੇਖਣਾ ਉਸ ਦੇ ਲਿਖਤੀ ਜਵਾਬ ਦੇਰ ਨਾਲ ਦੇਣ ਦਾ ਯੋਗ ਕਾਰਣ ਨਹੀਂ ਮੰਨਿਆਂ ਜਾਵੇਗਾ ਅਤੇ ਲਿਖਤੀ ਜਵਾਬ ਇਸ ਪੱਤਰ ਦੇ ਨਿਸਚਿਤ ਸਮੇਂ ਦੇ ਅੰਦਰ ਅੰਦਰ ਸਹੀ ਕਰਤਾ ਨੂੰ ਨਾ ਮਿਲਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਕੋਈ ਜਵਾਬ ਨਹੀਂ ਦੇਣਾ। ਜਵਾਬ ਨਾ ਦੇਣ ਦੀ ਸੂਰਤ ਵਿੱਚ ਕੇਸ ਦਾ ਇਕ ਤਰਫਾ ਫੈਸਲਾ ਕੇਸ ਦੇ ਗੁਣ ਦੋਸ਼ਾਂ ਦੇ ਆਧਾਰ ਤੇ ਕਰ ਦਿੱਤਾ ਜਾਵੇਗਾ।

ਲਿੱਖਤੀ ਜਵਾਬ ਇਸ ਪੱਤਰ ਦੀ ਪਹੁੰਚ ਤੋਂ 21 ਦਿਨ ਦੇ ਅੰਦਰ-ਅੰਦਰ ਜ਼ਿਲ੍ਹਾ ਸਿਖਿਆ ਅਫਸਰ (ਸੈ:ਸਿ:), ਮੋਗਾ ਰਾਂਹੀਂ ਭੇਜਿਆ ਜਾਵੇ ਅਤੇ ਇਸ ਦੀ ਇੱਕ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

(ਰਜਿ)

**ਸ਼੍ਰੀ ਸੁਖਵਿੰਦਰ ਸਿੰਘ, ਸ.ਸ ਮਾਸਟਰ,**
**ਸਸਸਸ ਮਾਣੂਕੇ, ਜ਼ਿਲ੍ਹਾ ਮੋਗਾ**

ਪਿੱਠ ਅੰਕਣ ਨੰ: 12678-80    ਮਿਤੀ :ਐਸ.ਏ.ਐਸ ਨਗਰ 17/8/16

ਉਤਾਰਾ ਹੇਠ ਲਿਖਿਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਕਰਮਚਾਰਨ ਦਾ ਉੱਤਰ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਪ੍ਰਾਪਤ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ।

1. ਜਿਲਾ ਸਿਖਿਆ ਅਫਸਰ (ਸੈ: ਸਿੱ:), ਮੋਗਾ।
2. ਪ੍ਰਿੰਸੀਪਲ, ਸਸਸਸ ਮਾਣੂਕੇ, ਜ਼ਿਲ੍ਹਾ ਮੋਗਾ।

ਡਿਪਟੀ ਡਾਇਰੈਕਟਰ ਪ੍ਰਾਈਵੇਟ ਏਡਿਡ ਸਕੂਲਜ਼

## ਦੋਸ਼ ਸੂਚੀ

ਸ਼੍ਰੀ ਸੁਖਵਿੰਦਰ ਸਿੰਘ, ਸ.ਸ ਮਾਸਟਰ, ਸਸਸਸ ਮਾਣੂਕੇ, ਜ਼ਿਲ੍ਹਾ ਮੋਗਾ ਮਿਤੀ 05.02.2006 ਤੋਂ ਅਣ-ਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਲਗਾਤਾਰ ਗੈਰ-ਹਾਜ਼ਰ ਚਲਿਆ ਆ ਰਿਹਾ ਹੈ।

ਡਿਪਟੀ ਡਾਇਰੈਕਟਰ ਪ੍ਰਾਈਵੇਟ ਏਡਿਡ ਸਕੂਲਜ਼

## ਦੋਸ਼ ਵਿਵਰਣ

ਸ਼੍ਰੀ ਸੁਖਵਿੰਦਰ ਸਿੰਘ, ਸ.ਸ ਮਾਸਟਰ, ਸਸਸਸ ਮਾਣੂਕੇ, ਜ਼ਿਲ੍ਹਾ ਮੋਗਾ ਵਿਰੁੱਧ ਦੋਸ਼ ਹੈ ਕਿ ਉਹ ਮਿਤੀ 05-02-2006 ਤੋਂ ਆਪਣੀ ਡਿਊਟੀ ਤੋਂ ਜਾਣ ਬੁੱਝ ਕੇ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਚਲਿਆ ਆ ਰਿਹਾ ਹੈ।

ਅਜਿਹਾ ਕਰਕੇ ਕਰਮਚਾਰੀ ਨੇ ਕੰਡਕਟ ਰੂਲਾਂ ਦੀ ਘੋਰ ਉਲੰਘਣਾ ਕੀਤੀ ਹੈ ਅਤੇ ਆਪਣੇ ਆਪ ਨੂੰ ਦੋਸ਼ੀ ਬਣਾਇਆ ਹੈ ਅਤੇ ਪੰਜਾਬ ਸਿਵਲ ਸੇਵਾ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋਂ ix) ਅਧੀਨ ਸਜਾ ਦਾ ਭਾਗੀ ਬਣਾਇਆ ਹੈ।

ਡਿਪਟੀ ਡਾਇਰੈਕਟਰ ਪ੍ਰਾਈਵੇਟ ਏਡਿਡ ਸਕੂਲਜ਼

ਦਸਤਾਵੇਜਾਂ ਦੀ ਸੂਚੀ

1 ਕਰਮਚਾਰੀ ਦੀ ਗੈਰ ਹਾਜ਼ਰੀ ਬਾਰੇ ਜ਼ਿਲਾ ਸਿਖਿਆ ਅਫਸਰ (ਸੈ:ਸਿ:), ਮੋਗਾ ਦੇ ਦਫਤਰ ਦੀ ਰਿਪੋਰਟ।

2 ਸਬੰਧਤ ਸਕੂਲ ਦਾ ਹਾਜ਼ਰੀ ਰਜਿਸਟਰ ਅਤੇ ਹੋਰ ਰਿਕਾਰਡ।

ਡਿਪਟੀ ਡਾਇਰੈਕਟਰ ਪ੍ਰਾਈਵੇਟ ਏਡਿਡ ਸਕੂਲਜ਼

ਗਵਾਹਾਂ ਦੀ ਸੂਚੀ

1. ਜ਼ਿਲਾ ਸਿਖਿਆ ਅਫਸਰ (ਸੈ:ਸਿ:), ਮੋਗਾ ਦੇ ਦਫਤਰ ਦਾ ਸਬੰਧਤ ਡੀਲਿੰਗ ਸਹਾਇਕ।

2. ਸਬੰਧਤ ਸਕੂਲ ਮੁੱਖੀ।

ਡਿਪਟੀ ਡਾਇਰੈਕਟਰ ਪ੍ਰਾਈਵੇਟ ਏਡਿਡ ਸਕੂਲਜ਼